Australian Government
Department of Social Services



# LGBTIQ ਫਿਰਕਿਆਂ ਵਿੱਚ ਘਰੇਲੂ ਅਤੇ ਪਰਿਵਾਰਕ ਹਿੰਸਾ

## ਆਸਟ੍ਰੇਲੀਆ ਵਿੱਚ ਘਰੇਲੂ ਤੇ ਪਰਿਵਾਰਕ ਹਿੰਸਾ ਪ੍ਰਵਾਨ ਨਹੀਂ ਹੈ।

ਜਿਹੜੇ ਲੋਕ ਲੈਜ਼ਬੀਅਨ, ਗੇਇ, ਬਾਇਸੈਕਸੁਅਲ, ਟ੍ਰੈਂਜ਼-ਜੈਂਡਰ, ਇੰਟਰਸੈਕਸ ਅਤੇ ਕੁਈਅਰ (Lesbian, Gay, Bisexual, Transgender, Intersex and Queer) LGBTIQ ਵਜੋਂ ਜਾਣੇ ਜਾਂਦੇ ਹਨ, ਉਹਨਾਂ ਨੂੰ ਆਸਟ੍ਰੇਲੀਆ ਵਿੱਚ ਬਰਾਬਰ ਹੱਕ ਹਨ ਅਤੇ ਸਾਰੇ ਵਿਤਕਰੇ ਗੈਰ-ਕਾਨੂੰਨੀ ਹਨ।

ਆਸਟ੍ਰੇਲੀਆ ਵਿੱਚ ਕਾਨੂੰਨ ਦੀ ਨਜ਼ਰ ਵਿੱਚ ਸਭ ਰਿਸ਼ਤੇ ਬਰਾਬਰ ਹਨ।ਭਾਵ ਇਹ ਕਿ ਸਮ-ਲਿੰਗੀਆਂ ਸਮੇਤ ਸਾਰੇ ਜੋੜਿਆਂ ਨੂੰ ਰਿਸ਼ਤੇ ਵਿੱਚ ਰਹਿਣ ਜਾਂ ਵਿਆਹ ਕਰਨ ਦਾ ਹੱਕ ਹੈ।

ਹਰ ਕਿਸੇ ਨੂੰ ਆਪਣੇ ਪਰਿਵਾਰਾਂ, ਦੋਸਤਾਂ ਅਤੇ ਅਜ਼ੀਜ਼ਾਂ ਨਾਲ ਸੁਚੱਜੇ ਤੇ ਸੁਰੱਖਿਅਤ ਨਾਤੇ ਮਾਣਨ ਦਾ ਅਧਿਕਾਰ ਹੈ

ਘਰੇਲੂ ਤੇ ਪਰਿਵਾਰਕ ਹਿੰਸਾ, ਕਾਨੂੰਨੀ ਅਪਰਾਧ ਹਨ। ਜੋ ਅਜਿਹੇ ਜੁਰਮ ਕਰਦਾ ਹੈ, ਜ੍ਹੇਲ ਜਾ ਸਕਦਾ ਹੈ ਭਾਵੇਂ ਉਹ ਆਦਮੀ ਹੋਵੇ ਜਾਂ ਔਰਤ।

ਜੇ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ, ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** ‘ਤੇ ਕੱਲ ਕਰੋ।

ਅੱਸਟ੍ਰੇਲੀਆ ਵਿੱਚ ਪੁਲਿਸ ਸੁਰੱਖਿਅਤ ਹੈ ਅਤੇ ਤੁਸੀਂ ਉਸ 'ਤੇ ਵਿਸ਼ਵਾਸ ਕਰ ਸਕਦੇ ਹੋ।

ਮੁਫ਼ਤ ਅਤੇ ਗੁਪਤ ਸਲਾਹਕਾਰੀ ਅਤੇ ਜਾਣਕਾਰੀ ਲਈ **1800 737 732** 'ਤੇ 1800RESPECT ਨੂੰ ਸੰਪਰਕ ਕਰੋ।

ਜੇ ਤੁਹਾਨੂੰ ਮੁਫ਼ਤ ਦੁਭਾਸ਼ੀਏ (interpreter) ਦੀ ਜ਼ਰੂਰਤ ਹੈ, ਤਾਂ **131 450** 'ਤੇ ਕੱਲ ਕਰੋ।

## ਆਸਟ੍ਰੇਲੀਅਨ ਸਰਕਾਰ (Australian Government) ਕਿਸੇ ਵੀ ਹਾਲਤ ਵਿੱਚ ਘਰੇਲੂ ਤੇ ਪਰਿਵਾਰਕ ਹਿੰਸਾ ਨੂੰ ਬਰਦਾਸ਼ਤ ਨਹੀਂ ਕਰਦੀ।

ਕੋਈ ਵੀ ਵਿਵਹਾਰ ਜਾਂ ਧਮਕੀ ਜੋ ਆਪਣੇ ਜੋੜੀਦਾਰ ਨੂੰ ਵੱਸ ’ਚ ਰੱਖਣ ਲਈ ਉਹਨੂੰ ਡਰਾਉਣ ਜਾਂ ਉਹਦੀ ਸੁਰੱਖਿਆ ਨੂੰ ਧਮਕਾਉਣ ਲਈ ਦਿੱਤੀ ਜਾਂਦੀ ਹੈ, ਘਰੇਲੂ ਜਾਂ ਪਰਿਵਾਰਕ ਹਿੰਸਾ ਕਹਾਉਂਦੀ ਹੈ ਜਿਵੇਂ :

- ਚੋਟਾਂ ਮਾਰਨੀਆਂ;
- ਗਲਾ ਘੁਟਣਾ;
- ਜੋੜੀਦਾਰ ਜਾਂ ਪਰਿਵਾਰ ਨੂੰ ਆਵਸ਼ਕ ਖਰਚਾ ਦੇਣ ਤੋਂ ਇਨਕਾਰੀ ਹੋਣਾ;
- ਆਪਣੇ ਜੋੜੀਦਾਰ ਨੂੰ ਦੋਸਤਾਂ ਤੇ ਪਰਿਵਾਰ ਤੋਂ ਅਲੱਗ ਥਲੱਗ ਕਰਨਾ;
- ਜੋੜੀਦਾਰ ਦਾ ਅਪਮਾਨ ਤੇ ਆਲੋਚਨਾ ਕਰਨੀ; ਜਾਂ
- ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਡਰਾਉਣਾ ਧਮਕਾਉਣਾ।

LGBTIQ ਰਿਸ਼ਤਿਆਂ ਦੀ ਘਰੇਲੂ ਤੇ ਪਰਿਵਾਰਕ ਹਿੰਸਾ ਵਿੱਚ ਇਹ ਵੀ ਸ਼ਾਮਲ ਹੈ:

- ਆਪਣੇ ਸਾਥੀ ਦੀ ਅੰਤਰਲਿੰਗੀ ਸਥਿਤੀ, ਕਾਮ ਰੁਚੀ, ਲਿੰਗ ਭੇਦ, ਲਿੰਗੀ ਪ੍ਰਗਟਾਵਾ, ਦੁਵਲੰਗੀ ਜਾਂ ਐਚ ਆਈ ਵੀ(HIV) ਅਵਸਥਾ ਨੂੰ ਉਹਦੇ ਵਿਰੁੱਧ ਵਰਤਣ ਦੀ ਧਮਕੀ;
- ਆਪਣੇ ਜੋੜੀਦਾਰ ਨੂੰ ਪਰਿਵਾਰ, ਮਿੱਤਰਾਂ, ਭਾਈਚਾਰੇ ਅਤੇ ਕੰਮ ਦੀ ਜਗਾਹ ਤੇ ਉਹਦੀ ਪੋਲ ਖੋਹਲਣ ਦੀ ਧਮਕੀ;
- ਜੋੜੀਦਾਰ ਦੇ ਲਿੰਗ ਪਰਿਵਰਤਨ ਸਬੰਧੀ ਸਿਹਤ ਸੰਭਾਲ ਤਕ ਪਹੁੰਚ ਤੇ ਦੁਆਈਆਂ ਆਪਣੇ ਕਾਬੂ ’ਚ ਰੱਖਣੀਆਂ; ਜਾਂ
- ਆਪਣੇ ਲਿੰਗ ਨਿਯਮਾਂ ਤੇ ਚੱਲਣ ਲਈ ਜੋੜੀਦਾਰ ਤੇ ਦਬਾਅ ਪਾਉਣਾ।

## ਆਸਟ੍ਰੇਲੀਆ ਵਿੱਚ ਸਹਿਯੋਗੀ ਸੇਵਾਵਾਂ ਹਨ ਜੋ ਮਦਦ ਕਰ ਸਕਦੀਆਂ ਹਨ।

ACON, LGBTIQ ਲੋਕਾਂ 'ਤੇ ਅਸਰ ਪਾ ਰਹੇ ਸਿਹਤ ਸਬੰਧੀ ਮਸਲਿਆਂ ਲਈ ਮੁਫਤ ਜਾਣਕਾਰੀ ਪ੍ਰਦਾਨ ਕਰਦੀ ਹੈ ਜਿਸ ਵਿੱਚ ਪਰਿਵਾਰਕ ਤੇ ਘਰੇਲੂ ਹਿੰਸਾ ਸ਼ਾਮਲ ਹੈ। LGBTIQ ਸਹਿਯੋਗੀ ਸੇਵਾਵਾਂ ਲਈ ਸੰਮਿਲਤ ਡਾਇਰੈਕਟਰੀ ਵਾਸਤੇ **www.acon.org.au** ਦੀ **ACON** ਵੈਬਸਾਈਟ ਤੇ ਜਾਉ।

**1800RESPECT**, ਜਿਨਸੀ ਹਮਲੇ,ਅਪਰਾਧਾਂ ਅਤੇ ਪਰਿਵਾਰ ਤੇ ਘਰੇਲੂ ਹਿੰਸਾ ਸਬੰਧਤ, ਆੱਸਟ੍ਰੇਲੀਆ ਦੀ ਰਾਸ਼ਟਰੀ ਸਲਾਹਕਾਰੀ ਸੇਵਾ, ਹੈ। ਇਹ ਮੁਫਤ ਅਤੇ ਗੁਪਤ, ਟੈਲੀਫੋਨ ਅਤੇ ਆੱਨਲਾਈਨ, ਸਲਾਹ ਮਸ਼ਵਰਾ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ। ਸਲਾਹਕਾਰ ਤੁਹਾਨੂੰ ਸੁਣਦੇ ਹਨ, ਸਵਾਲਾਂ ਦੇ ਜਵਾਬ ਦਿੰਦੇ ਹਨ ਅਤੇ ਤੁਹਾਡੇ ਇਲਾਕੇ ਦੀਆਂ ਹੋਰ ਸਹਾਰਾ ਸੇਵਾਵਾਂ ਦੀ ਦੱਸ ਪਾਉਂਦੇ ਹਨ।

**1800 737 732** ਤੇ ਫੋਨ ਕਰੋ ਜਾਂ **www.1800RESPECT.org.au** ਤੇ, **1800RESPECT** ਦੀ LGBTIQ ਬਾਰੇ ਵਿਸ਼ੇਸ਼ ਜਾਣਕਾਰੀ ਵਾਲੇ ਸੈਕਸ਼ਨ ਦੀ ਵੈਬਸਾਈਟ ਤੇ ਜਾਉ।

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ?

**131 450** 'ਤੇ **ਅਨੁਵਾਦ ਕਰਨ ਅਤੇ ਦੁਭਾਸ਼ੀਆ ਸੇਵਾ** (**Translating and Interpreting Service** (TIS)) ਨੂੰ ਫੋਨ ਕਰੋ। TIS ਦਾ ਇੱਕ ਦੁਭਾਸ਼ੀਆ ਤੁਹਾਨੂੰ ਲੋੜੀਂਦੀਆਂ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਮਦਦ ਕਰੇਗਾ ਪਰ TIS ਸਲਾਹ ਮਸ਼ਵਰਾ ਨਹੀਂ ਦਿੰਦੀ। ਸਾਰੀਆਂ ਕਾਲਾਂ ਮੁਫਤ ਤੇ ਗੁਪਤ ਹੁੰਦੀਆਂ ਹਨ।